2977
5 MAY 2015

ਪੰਜਾਬ ਸਰਕਾਰ

ਸਿੰਚਾਈ ਵਿਭਾਗ

( ਸਿੰਚਾਈ ਪ੍ਰਸੋਨਲ-1 ਸ਼ਾਖਾ)

**ਪੰਜਾਬ ਦੇ ਰਾਜਪਾਲ ਜੀ ਦੇ ਹੁਕਮ**

ਵਿਭਾਗੀ ਤਰੱਕੀ ਕਮੇਟੀ ਵੱਲੋਂ ਮਿਤੀ 30.03.2015 ਨੂੰ ਕੀਤੀ ਗਈ ਮੀਟਿੰਗ ਉਪਰੰਤ ਵਿਭਾਗੀ ਤਰੱਕੀ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ **ਸ੍ਰੀ ਸੰਜੀਵ ਕੁਮਾਰ ਧੀਰ**, ਨਿਗਰਾਨ ਇੰਜੀਨੀਅਰ ਸੀਨੀਆਰਤਾ ਨੰ: 04 ਅਤੇ **ਸ੍ਰੀ ਗੁਰਸ਼ਰਨ ਸਿੰਘ ਵਾਸਨ**, ਨਿਗਰਾਨ ਇੰਜੀਨੀਅਰ , ਸੀਨੀਆਰਤਾ ਨੰ: 06 ਦੀ ਬਤੌਰ ਮੁੱਖ ਇੰਜੀਨੀਅਰ, ਤਨਖਾਹ ਸਕੇਲ 37400-67000+10000 (ਗਰੇਡ-ਪੇਅ) ਵਿੱਚ ਪਦ-ਉੱਨਤੀਆਂ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਕੀਤੀਆਂ ਜਾਂਦੀਆਂ ਹਨ:-

ੳ) ਇਹ ਤਰੱਕੀਆਂ, ਸੀਨੀਆਰਤਾ ਸਬੰਧੀ ਜੇਕਰ ਕੋਈ ਕੋਰਟ ਕੇਸ ਜਾਂ ਹੋਰ ਕੋਈ ਫੈਸਲਾ ਹੁੰਦਾ ਹੈ ਤਾਂ ਉਸ ਕੇਸ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਣਗੀਆਂ।

ਅ) ਇਹ ਤਰੱਕੀਆਂ ਰਾਖਵੇਂਕਰਣ ਸਬੰਧੀ 85 ਵੀਂ ਸੰਵਿਧਾਨਿਕ ਤਰਮੀਮ ਸਬੰਧੀ ਸਰਕਾਰ ਵਲੋਂ ਸਮੇਂ-2 ਤੇ ਜਾਰੀ ਕੀਤੀਆਂ ਜਾਣ ਵਾਲੀਆਂ ਪਾਲਿਸੀ/ਹਦਾਇਤਾਂ ਤੇ ਆਧਾਰਿਤ ਹੋਣਗੀਆਂ।

ੲ) ਸਰਕਾਰ ਦੀਆਂ ਹਦਾਇਤਾਂ ਨੰ: 3/41/2002-3ਪੀਪੀ1, ਮਿਤੀ 4.6.2002 ਦੇ ਸਨਮੁੱਖ ਉਕਤ ਅਧਿਕਾਰੀਆਂ ਦੀ ਤਰੱਕੀ ਕਾਰਨ ਫੀਡਰ ਕਾਡਰ ਦੀ ਸਭ ਤੋਂ ਹੇਠਲੇ ਕਾਡਰ ਦੀ ਖਾਲੀ ਹੋਈਆਂ ਅਸਾਮੀਆਂ ਖਤਮ ਸਮਝੀਆਂ ਜਾਣਗੀਆਂ।

ਸ) ਪਦ-ਉਨਤ ਹੋਣ ਵਾਲੇ ਅਧਿਕਾਰੀਆਂ ਨੂੰ ਜੁਆਇਨ ਕਰਨ ਦੀ ਮਿਤੀ ਤੋ ਬਤੌਰ ਮੁੱਖ ਇੰਜੀਨੀਅਰ ਇੱਕ ਸਾਲ ਦੇ ਪਰਖ ਕਾਲ ਦੇ ਸਮੇਂ ਤੇ ਰੱਖਿਆ ਜਾਵੇਗਾ।

ਹ) ਜੇਕਰ ਪਦ-ਉਨਤੀਆਂ ਹੋਣ ਵਾਲੇ ਅਧਿਕਾਰੀਆਂ ਦੇ ਸੇਵਾ ਰਿਕਾਰਡ ਵਿੱਚ ਕੋਈ ਖਾਮੀ/ਕਲੈਰੀਕਲ ਗਲਤੀ ਸਰਕਾਰ ਦੇ ਧਿਆਨ ਵਿੱਚ ਆਉਂਦੀ ਹੈ ਤਾਂ ਇਨਾਂ ਪਦ-ਉਨਤੀਆਂ ਤੇ ਮੁੜ ਵਿਚਾਰ ਕੀਤੀ ਜਾ ਸਕਦੀ ਹੈ।

ਕ) ਇਹ ਪੱਦ ਉਨਤੀਆਂ ਮੁੱਖ ਇੰਜੀਨੀਅਰ ਦੀ ਅਸਾਮੀ ਤੇ ਹਾਜਰ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ,
ਸਿੰਚਾਈ ਵਿਭਾਗ।

ਮਿਤੀ, ਚੰਡੀਗੜ੍ਹ
04-05-2015

ਪਿ:ਅੰ:ਨੰ: 3/06/2014-1ਸਿੰਪ੍ਰ(1)/47639-0/3 ਮਿਤੀ, ਚੰਡੀਗੜ੍ਹ 4/5/15

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
2. ਸਮੂਹ ਮੁੱਖ ਇੰਜੀਨੀਅਰ/ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
3. ਕਾਰਜਕਾਰੀ ਇੰਜੀ:-ਕਮ-ਇੰਚਾਰਜ, ਕੰਪਿਊਟਰ ਸੈਲ, ਮੁੱਖ ਦਫਤਰ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
4. ਸਕੱਤਰ, ਬੀ.ਬੀ.ਐਮ.ਬੀ, ਸੈਕਟਰ-19, ਮੱਧਿਆ ਮਾਰਗ, ਚੰਡੀਗੜ੍ਹ।
5. ਮਹਾਂਲੇਖਾਕਾਰ, (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

6. ਸ੍ਰੀ ਸੰਜੀਵ ਕੁਮਾਰ ਧੀਰ, ਨਿਗਰਾਨ ਇੰਜੀਨੀਅਰ ਮਾਰਫਤ ਮੁੱਖ ਇੰਜੀਨੀਅਰ, ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ।

7. ਸ੍ਰੀ ਗੁਰਸ਼ਰਨ ਸਿੰਘ ਵਾਸਨ, ਨਿਗਰਾਨ ਇੰਜੀਨੀਅਰ, ਬੀ.ਬੀ.ਐਮ.ਬੀ, ਸੈਕਟਰ-19, ਮੱਧਿਆ ਮਾਰਗ, ਚੰਡੀਗੜ੍ਹ।

ਅਧੀਨ ਸਕੱਤਰ ਸਿੰਚਾਈ

ਅੰਦਰੂਨੀ ਵੰਡ:-

- ਨਿੱ:ਸ:/ ਮਾਨਯੋਗ ਸਿੰਚਾਈ ਮੰਤਰੀ ਜੀ
- ਸਕੱਤਰ/ ਪ੍ਰਮੁੱਖ ਸਕੱਤਰ ਸਿੰਚਾਈ ਜੀ
- ਨਿੱ.ਸ/ ਮਾਨਯੋਗ ਸਕੱਤਰ ਸਿੰਚਾਈ ਜੀ
- ਸ.ਸ.ਸ./ਅਧੀਨ ਸਕੱਤਰ ਸਿੰਚਾਈ (ਜ)
- ਸ.ਸ.ਸ./ਅਧੀਨ ਸਕੱਤਰ ਸਿੰਚਾਈ (ਹ)
- ਸੁਪਰਡੰਟ, ਸਿੰਚਾਈ ਪ੍ਰੋਸਨਲ-2,3, ਪ੍ਰੋਜੈਕਟ ਅਤੇ ਕਾਰਜ ਸਾਖਾ।